# PUNJAB & CHANDIGARH COLLEGE TEACHERS' UNION

**Dr. TEJINDER VIRLI**
*(Dept. of Panjabi)*
*AREA SECRETARY (G.N.D.U.,Asr.)*
*K.R.M.D.A.V.College, Nakodar*

51, New Shetal Nagar, Jalandhar
Phone : 0181-2670427
Mob: 7696483600
e-mail: virli@rediffmail.com


ਮਿਤੀ 18 ਨਵੰਬਰ 2012

## ਪ੍ਰੈਸ ਨੋਟ

ਪੰਜਾਬ ਚੰਡੀਗੜ੍ਹ ਕਾਲਜ ਟੀਚਰ ਯੂਨੀਅਨ ਪੰਜਾਬ ਨੇ ਆਪਣੀਆਂ ਮੰਗਾਂ ਦੇ ਸੰਬੰਧ ਵਿਚ ਆਪਣੇ ਘੋਲ ਨੂੰ ਤੇਜ਼ ਕਰਦਿਆਂ ਸਾਰੇ ਪੰਜਾਬ ਤੇ ਚੰਡੀਗੜ੍ਹ ਦੇ ਕਾਲਜ 20 ਨਵੰਬਰ ਨੂੰ ਬੰਦ ਰੱਖਣ ਦਾ ਐਲਾਨ ਕੀਤਾ ਹੈ। ਇਸ ਦਿਨ ਪ੍ਰਾਈਵੇਟ ਕਾਲਜਾਂ ਵਿਚ ਕੰਮ ਕਰਦੇ ਸਮੂਹ ਕਾਲਜ ਅਧਿਆਪਕ ਤੇ ਨਾਨਟੀਚਿੰਗ ਦੇ ਮੁਲਾਜਮ ਸਮੂਹਿਕ ਛੁੱਟੀ ਲੈਕੇ ਬਠਿੰਡਾ ਵਿਖੇ ਰੈਲੀ ਕਰਨਗੇ। ਕਾਲਜਾਂ ਵਿਚ ਕੰਮ ਕਰ ਰਿਹਾ ਅਮਲਾ ਫੈਲਾ ਇਹ ਮੰਗ ਕਰ ਰਿਹਾ ਹੈ ਕਿ ਪੰਜਾਬ ਤੇ ਚੰਡੀਗੜ੍ਹ ਦੇ ਕਾਲਜਾਂ ਵਿਚ ਕੰਮ ਕਰਦੇ ਕਰਮਚਾਰੀਆਂ ਨੂੰ ਪੈਨਸ਼ਨ ਦਿੱਤੀ ਜਾਵੇ। ਇਸ ਸੰਬੰਧੀ ਯੂਨੀਅਨ ਦੇ ਏਰੀਆ ਸੈਕਟਰੀ ਡਾ. ਤੇਜਿੰਦਰ ਵਿਰਲੀ ਨੇ ਇਕ ਲਿਖਤੀ ਪ੍ਰੈਸ ਬਿਆਨ ਵਿਚ ਰਿਹਾ ਹੈ ਕਿ ਸਰਕਾਰ ਪਿਛਲੇ ਤੀਹ ਸਾਲਾਂ ਤੋਂ ਇਸ ਵਰਗ ਨਾਲ ਇਹ ਬੇਇਨਸਾਫੀ ਕਰਦੀ ਆ ਰਹੀ ਹੈ। ਹਰ ਵਾਰ ਸਰਕਾਰ ਆਪਣੇ ਚੋਣ ਮਨੋਰਥ ਪੱਤਰਾਂ ਵਿਚ ਇਹ ਵਾਅਦਾ ਤਾਂ ਕਰਦੀ ਹੈ ਪਰ ਉਸ ਨੂੰ ਵਫਾ ਨਹੀਂ ਕਰਦੀ। ਡਾ ਵਿਰਲੀ ਨੇ ਕਿਹਾ ਸਰਕਾਰ ਪੰਜਾਬ ਵਿੱਚੋਂ ਉਚ ਸਿੱਖਿਆ ਦਾ ਭੋਗ ਪਾਉਣਾ ਚਾਹੰਦੀ ਹੈ ਇਸੇ ਲਈ ਪੰਜਾਬ ਵਿਚ 2005 ਤੋਂ ਕਾਲਜ ਟੀਚਰਾਂ ਦੀ ਨਵੀਂ ਭਰਤੀ ਨਹੀਂ ਹੋਈ। ਇਸੇ ਲਈ ਪੈਨਸ਼ਨ ਦੀ ਮੰਗ ਨੂੰ ਲੈਕੇ ਪੰਜਾਬ ਭਰ ਦੇ ਕਾਲਜ ਟੀਚਰ ਸੜਕਾਂ 'ਤੇ ਉਤਰ ਨੂੰ ਮਜਬੂਰ ਹੋਏ ਹਨ। ਅਨ ਏਡਿਡ ਕਾਲਜ ਟੀਚਰਾਂ ਨੂੰ ਸਰਵਿਸ ਆਫ ਸੀਕਿਓਰਿਟੀ ਤੋਂ ਬਾਹਰ ਕੀਤਾ ਗਿਆ ਹੈ। ਸਰਕਾਰ ਬਹਾਨੇ ਨਾਲ ਕਾਲਜਾਂ ਦਾ ਨਿੱਜੀਕਰਨ ਕਰ ਰਹੀ ਹੈ। ਕਾਲਜਾਂ ਵਿਚ ਕੰਮ ਕਰਦੇ ਅਧਿਆਪਕਾਂ ਨੂੰ ਛੇ- ਛੇ ਮਹੀਨੇ ਤੋਂ ਤਨਖਾਹ ਨਹੀਂ ਮਿਲ ਰਹੀ। ਸਰਕਾਰ ਗਰਾਂਟ ਸਮੇਂ ਸਿਰ ਜਾਰੀ ਨਹੀਂ ਕਰ ਰਹੀ। ਡਾ. ਵਿਰਲੀ ਨੇ ਕਿਹਾ ਕਿ 20 ਨਵੰਬਰ ਨੂੰ ਸਵੇਰੇ 11 ਵਜੇ ਬਠਿੰਡਾ ਵਿਖੇ ਅੰਬੇਦਕਰ ਪਾਰਕ ਵਿਚ ਇਕ ਸਾਝਾ ਰੋਸ ਧਰਨਾ ਦਿੱਤਾ ਜਾਵੇਗਾ। ਜਿਸ ਧਰਨੇ ਵਿਚ ਕਾਲਜ ਟੀਚਰਾਂ ਦੇ ਨਾਲ ਨਾਲ ਨਾਨਟੀਚਿੰਗ ਤੇ ਮੈਨੇਜਮੈਂਟ ਫੈਡਰੇਸ਼ਨ ਵੀ ਸ਼ਾਮਲ ਹੈ। ਇਨ੍ਹਾਂ ਤੋਂ ਬਿਨ੍ਹਾਂ ਸੇਵਾ ਮੁਕਤ ਕਾਲਜ ਅਧਿਆਪਕ ਵੀ ਇਸ ਘੋਲ ਵਿਚ ਵਧ ਚੜ੍ਹ ਕੇ ਹਿੱਸਾ ਲੈ ਰਹੇ ਹਨ। ਡਾ ਵਿਰਲੀ ਨੇ ਕਾਲਜਾਂ ਵਿਚ ਕੰਮ ਕਰ ਰਹੇ ਹਰ ਵਰਗ ਦੇ ਕਰਮਚਾਰੀ ਤੇ ਅਧਿਕਾਰੀ ਨੂੰ ਬੇਨਤੀ ਕੀਤੀ ਹੈ ਕਿ ਇਸ ਧਰਨੇ ਨੂੰ ਕਾਮਾਯਾਬ ਬਣਾਉਣ ਲਈ ਆਪਣਾ ਬਣਦਾ ਯੋਗਦਾਨ ਪਾਉਣ। ਡਾ ਵਿਰਲੀ ਨੇ ਕਿਹਾ ਕਿ ਇਸ ਧਰਨੇ ਵਿਚ ਮੈਨੇਜਮੈਂਟ ਵੱਲੋਂ ਪ੍ਰਧਾਨ ਸਾਂਵਲਕਾ ਸਹਿਬ, ਸੇਵਾ ਮੁਕਤ ਅਧਿਆਪਕਾਂ ਵਜੋਂ ਹੋਰਨਾ ਤੋਂ ਬਿਨਾਂ ਪ੍ਰੋਫੈਸਰ ਤਰਸੇਮ ਬਾਹੀਆ, ਪ੍ਰੋ. ਸੁਖਦੇਵ ਸਿੰਘ ਹੁੰਦਲ, ਆਦ ਸਾਥੀ ਪਹੁੰਚ ਰਹੇ ਹਨ। ਡਾ ਵਿਰਲੀ ਨੇ ਇਹ ਵੀ ਕਿਹਾ ਕਿ ਮਾਣਯੋਗ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਪੁੱਛਿਆ ਹੈ ਕਿ 1996 ਵਾਲੀ ਪੈਨਸਨ ਸਕੀਮ ਹੁਣ ਲਾਗੂ ਕਿਉਂ ਨਹੀਂ ਕੀਤੀ ਜਾ ਸਕਦੀ ? ਸਮੂਹ ਲੀਡਰਸਿਪ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਉਹ ਕਾਲਜਾਂ ਵਿਚ ਕੰਮ ਕਰਦੇ ਲੋਕਾਂ ਦੇ ਬੁਡਾਪੇ ਬਾਰੇ ਸੋਚੇ ਤੇ 1996 ਵਾਲੀ ਸਕੀਮ ਨੂੰ ਲਾਗੂ ਕਰੇ।

ਡਾ. ਤੇਜਿੰਦਰ ਵਿਰਲੀ